ਪੰਜਾਬ ਸਰਕਾਰ

ਨਿਆਂ ਵਿਭਾਗ

( ਮਾਇਨੌਰਟੀ ਸੈਲ/ਅਦਾਲਤੀ-2 ਸਾਖਾ )

ਸੇਵਾ ਵਿਖੇ

29/12

1339

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਸਮੂਹ ਜ਼ਿਲਿਆਂ ਦੇ ਡਿਪਟੀ ਕਮਿਸ਼ਨਰ,
ਸਮੂਹ ਉਪ ਮੰਡਲ ਮੈਜਿਸਟਰੇਟ।

ਮੀਮੋ ਨੰ: 1/58/2013-1ਐਮ.ਸੀ./1954
ਮਿਤੀ ਚੰਡੀਗੜ੍ਹ: 9-12-2016

ਵਿਸ਼ਾ :- **ਜੈਨ ਭਾਈਚਾਰੇ ਦੇ ਲੋਕਾਂ ਨੂੰ ਘੱਟ ਗਿਣਤੀ ਕੌਮ ਦਾ ਸਰਟੀਫੀਕੇਟ ਜ਼ਾਰੀ ਕਰਨ ਸਬੰਧੀ।**

***

ਸ੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸੇ ਦੇ ਸਬੰਧ ਵਿਚ ਇਹ ਲਿਖੱਣ ਦੀ ਹਦਾਇਤ ਹੋਈ ਹੈ ਕਿ ਗ੍ਰਿਹ ਮਾਮਲੇ ਅਤੇ ਨਿਆਂ ਵਿਭਾਗ ਦੇ ਨੋਟੀਫੀਕੇਸ਼ਨ ਨੰ:1/58/2012-1ਐਮ.ਸੀ/34, ਮਿਤੀ 22-4-13 ਰਾਹੀਂ ਜੈਨ ਭਾਈਚਾਰੇ ਨੂੰ ਪੰਜਾਬ ਵਿਚ ਘੱਟ ਗਿਣਤੀ ਭਾਈਚਾਰਾ ਘੋਸ਼ਿਤ ਕੀਤਾ ਗਿਆ ਹੈ। ਜੈਨ ਭਾਈਚਾਰੇ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਉਹਨਾਂ ਨੂੰ ਕਈ ਵਾਰ ਘੱਟ ਗਿਣਤੀ ਜੈਨ ਭਾਈਚਾਰੇ ਨਾਲ ਸਬੰਧਤ ਸਰਟੀਫੀਕੇਟ ਦੀ ਲੋੜ ਪੈਂਦੀ ਹੈ ਪਰੰਤੂ ਜ਼ਿਲਾ ਪ੍ਰਸ਼ਾਸਨ ਵੱਲੋਂ ਉਹਨਾਂ ਨੂੰ ਘੱਟ ਗਿਣਤੀ ਨਾਲ ਸਬੰਧਤ ਹੋਣ ਦਾ ਸਰਟੀਫੀਕੇਟ ਜ਼ਾਰੀ ਨਹੀਂ ਕੀਤਾ ਜਾ ਰਿਹਾ ਹੈ।

ਇਸ ਲਈ ਉਹਨਾਂ ਦੀ ਮੰਗ ਨੂੰ ਵੇਖਦੇ ਹੋਏ ਸਰਕਾਰ ਨੇ ਜੈਨ ਭਾਈਚਾਰੇ ਦੇ ਲੋਕਾਂ ਨੂੰ ਘੱਟ ਗਿਣਤੀ ਸਰਟੀਫੀਕੇਟ ਜਾਰੀ ਕਰਨ ਦੇ ਪ੍ਰੋਸੀਜ਼ਰ ਬਾਰੇ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਹੈ :-

1. **ਪੈਂਡੂ ਇਲਾਕਿਆਂ ਦੇ ਜੈਨ ਭਾਈਚਾਰੇ ਦੇ ਲੋਕਾਂ ਨੂੰ ਘੱਟ ਗਿਣਤੀ ਕੌਮ ਸਰਟੀਫੀਕੇਟ ਜਾਰੀ ਕਰਨ ਲਈ :-**

ੳ) ਪ੍ਰਾਰਥੀ ਵੱਲੋਂ ਆਪਣੀ ਪ੍ਰਤੀ ਬੇਨਤੀ ਪਿੰਡ ਦੇ ਸਰਪੰਚ ਜਾਂ ਨੰਬਰਦਾਰ ਤੋ ਤਸਦੀਕ ਕਰਵਾਉਣ ਉਪਰੰਤ ਹਲਕਾ ਪਟਵਾਰੀ ਨੂੰ ਪੇਸ਼ ਕੀਤੀ ਜਾਵੇਗੀ।

ਅ) ਹਲਕਾ ਪਟਵਾਰੀ ਵੱਲੋਂ ਪ੍ਰਤੀ ਬੇਨਤੀ ਵਿਚ ਦਰਜ਼ ਤੱਥ ਦੋ ਦਿੰਨਾਂ ਦੇ ਅੰਦਰ ਵੈਰੀਫਾਈ ਕਰਨ ਉਪਰੰਤ ਕਾਨੂੰਨਗੋ ਰਾਹੀਂ ਇਹ ਸਬੰਧਤ ਉਪ ਮੰਡਲ ਮੈਜਿਸਟਰੇਟ (ਸ) ਨੂੰ ਪੇਸ਼ ਕੀਤੀ ਜਾਵੇਗੀ।

63
29/12/16
M A

ੲ) ਘੱਟ ਗਿਣਤੀ ਕੌਮ ਸਰਟੀਫੀਕੇਟ ਜਾਰੀ ਕਰਨ ਵਾਲੀ ਅਥਾਰਟੀ ਵਲੋਂ ਪ੍ਰਤੀ ਬੇਨਤੀ ਪ੍ਰਾਪਤ ਹੋਣ ਤੋਂ ਪੰਜ (5) ਦਿਨਾਂ ਦੇ ਅੰਦਰ ਅੰਦਰ ਪ੍ਰਾਰਥੀ ਨੂੰ ਘੱਟ ਗਿਣਤੀ ਕੌਮ ਸਰਟੀਫੀਕੇਟ ਜਾਰੀ ਕਰਨਾ ਜਰੂਰੀ ਹੋਵੇਗਾ।

2. **ਸ਼ਹਿਰੀ ਖੇਤਰਾਂ ਦੇ ਜੈਨ ਭਾਈਚਾਰੇ ਦੇ ਪ੍ਰਾਰਥੀਆਂ ਨੂੰ ਘੱਟ ਗਿਣਤੀ ਕੌਮ ਸਰਟੀਫੀਕੇਟ ਜਾਰੀ ਕਰਨ ਲਈ :-**

ੳ) ਪ੍ਰਾਰਥੀ ਵੱਲੋਂ ਆਪਣੀ ਪ੍ਰਤੀ ਬੇਨਤੀ ਵਾਰਡ ਦੇ ਮਿਊਂਸਪਲ ਕੌਂਸਲਰ ਤੋਂ ਤਸਦੀਕ ਕਰਵਾਉਣ ਉਪਰੰਤ EO ਰਾਹੀਂ ਇਹ ਸਬੰਧਤ ਉਪ-ਮੰਡਲ ਮੈਜਿਸਟਰੇਟ (ਸ) ਨੂੰ ਪੇਸ ਕੀਤੀ ਜਾਵੇਗੀ।

ਅ) ਉਪ-ਮੰਡਲ ਮੈਜਿਸਟਰੇਟ (ਸ) ਲਈ ਪ੍ਰਤੀ ਬੇਨਤੀ ਪ੍ਰਾਪਤ ਹੋਣ ਤੋਂ ਪੰਜ (5) ਦਿਨਾਂ ਦੇ ਅੰਦਰ-ਅੰਦਰ ਪ੍ਰਾਰਥੀ ਨੂੰ ਘੱਟ ਗਿਣਤੀ ਕੌਮ ਸਬੰਧੀ ਸਰਟੀਫੀਕੇਟ ਜ਼ਾਰੀ ਕਰਨਾ ਜ਼ਰੂਰੀ ਹੋਵੇਗਾ।

3. ਜੈਨ ਭਾਈਚਾਰੇ ਨਾਲ ਸਬੰਧਤ ਜਿਹਨਾਂ ਪ੍ਰਾਰਥੀਆਂ ਦੇ ਮਾਤਾ-ਪਿਤਾ ਚੰਡੀਗੜ੍ਹ/ਸਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਸਰਵਿਸ ਕਰਦੇ ਹਨ ਜਾਂ ਰਹਿੰਦੇ ਹਨ, ਉਹਨਾਂ ਦੇ ਮਾਤਾ-ਪਿਤਾ ਦੇ ਸਰਵਿਸ ਰਿਕਾਰਡ ਦੇ ਆਧਾਰ ਤੇ ਉਹਨਾਂ ਦੇ ਵਿਭਾਗ ਦੇ ਮੁੱਖੀ ਜਾਂ ਦਫਤਰ ਦੇ ਮੁੱਖੀ ਪ੍ਰਾਰਥੀ ਨੂੰ ਜੈਨ ਘੱਟ ਗਿਣਤੀ ਕੌਮ ਦਾ ਸਰਟੀਫੀਕੇਟ ਜਾਰੀ ਕਰਨ ਲਈ ਸਮਰਥ ਅਧਿਕਾਰੀ ਹੋਣਗੇ।

ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਹਦਾਇਤਾਂ ਨੂੰ ਆਪਣੇ ਅਧੀਨ ਸਮੂਹ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿਚ ਲਿਆਉਂਦੇ ਹੋਏ ਇਹਨਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਵਿਸੇਸ਼ ਸਕੱਤਰ, ਨਿਆਂ

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਵਧੀਕ ਮੁੱਖ ਸਕਤਰਾਂ/ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਵਿਸੇਸ਼ ਸਕੱਤਰ, ਨਿਆਂ

ਸੇਵਾ ਵਿਖੇ

ਰਾਜ ਦੇ ਸਮੂਹ ਵਧੀਕ ਮੁੱਖ ਸਕਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ।

ਅੰ: ਵਿ: ਪੱਤਰ ਨੰ: 1/58/2013-1ਐਮ.ਸੀ./1955 ਮਿਤੀ, ਚੰਡੀਗੜ੍ਹ: 9-12-2016

ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਵਿਸੇਸ਼ ਸਕੱਤਰ, ਨਿਆਂ

ਸੇਵਾ ਵਿਖੇ

ਪ੍ਰਮੁੱਖ ਸਕੱਤਰ/ਮੁੱਖ ਮੰਤਰੀ,
ਪੰਜਾਬ।

ਅੰ:ਵਿ: ਪੱਤਰ ਨੰ: 1/58/2013-1ਐਮ.ਸੀ./1956 ਮਿਤੀ ਚੰਡੀਗੜ੍ਹ: 9-12-16
ਪਿੱਠ ਅੰਕਣ ਨੰ: 1/58/2013-1ਐਮ.ਸੀ/1957 ਮਿਤੀ ਚੰਡੀਗੜ੍ਹ: 9-12-16

ਇਸ ਦਾ ਇਕ ਉਤਾਰਾ ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ, ਵਣ ਭਵਨ, ਸੈਕਟਰ 68, ਐਸ.ਏ.ਐਸ. ਨਗਰ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਵਿਸੇਸ਼ ਸਕੱਤਰ, ਨਿਆਂ

# CHECKLIST FOR JAIN MINORITY CERTIFICATE

1. Prescribed application form with Report from concerned Patwari and Nambardar/Sarpanch/M.C.
2. Self Declaration from applicant.

   i) Any two residence proof-Attested copy of Ration Card/Voter Cart/Driving License/Passport.

   ii) Aaadhar Card (as ID proof)

## ਜੈਨ ਘੱਟ ਗਿਣਤੀ ਸਰਟੀਫਿਕੇਟ ਜ਼ਾਰੀ ਕਰਨ ਸਬੰਧੀ ਚੈਕ ਲਿਸਟ

1. ਨਿਰਧਾਰਤ ਪ੍ਰਫ਼ਾਰਮੇਂ ਵਿਚ ਹਲਕਾ ਪਟਵਾਰੀ ਅਤੇ ਨੰਬਰਦਾਰ/ਸਰਪੰਚ/ਐਮ.ਸੀ. ਵੱਲੋ ਰਿਪੋਰਟ ਹੋਈ ਦਰਖਾਸਤ
2. ਪ੍ਰਾਰਥੀ ਵੱਲੋਂ ਸਵੈ ਘੋਸ਼ਣਾ ਪੱਤਰ।

   1) ਕੋਈ ਦੋ ਰਿਹਾਇਸ ਦੇ ਸਬੂਤ- ਰਾਸ਼ਨ ਕਾਰਡ/ਵੋਟਰ ਕਾਰਡ/ਡਰਾਈਵਿੰਗ ਲਾਈਸੈਂਸ/ਪਾਸਪੋਰਟ ਦੀ ਤਸਦੀਕਸੁਦਾ ਕਾਪੀ।

   2) ਆਧਾਰ ਕਾਰਡ ( ਪਹਿਚਾਣ ਪੱਤਰ ਦੇ ਤੌਰ ਤੇ )

**PR0FORMA - I**

Designated Officer : Tehsildar--------------

ਨਾਮਜ਼ਦ ਅਧਿਕਾਰੀ : ਤਹਿਸੀਲਦਾਰ

Subject : Application for issuance of Minority Community Certificate.

ਵਿਸ਼ਾ : ਘੱਟ ਗਿਣਤੀ ਭਾਈਚਾਰੇ ਦਾ ਸਰਟੀਫਿਕੇਟ ਜਾਰੀ ਕਰਨ ਲਈ ਬਿਨੈ- ਪੱਤਰ।

******

Regarding subject cited above, It is hereby submitted that I-------------------- son/daughter/wife of Shri-------------------------------------------R/o --------------------------------- Tehsil----------------------------------District--------------------- and I belong to -------------------- Community, which is declared as Minority Community by the Punjab Govt. This Certificate is required to me /my minor boy/girl------------------------------------.

My self-declaration and verification report is enclosed herewith is true and correct.

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਬੇਨਤੀ ਹੈ ਕਿ ਮੈਂ-.--------------------------------- ਪੁੱਤਰ/ਪੁੱਤਰੀ/ਪਤਨੀ ਸ੍ਰੀ--------------ਵਾਸੀ------------------ਤਹਿ----------------- ਜ਼ਿਲਾ -------------ਦਾ/ਦੀ ਵਸਨੀਕ ਹਾਂ ਅਤੇ ਮੈਂ-------------ਕੌਮ ਨਾਲ ਸਬੰਧ ਰੱਖਦਾ/ਰੱਖਦੀ ਹਾਂ, ਜਿਹੜੀ ਕਿ ਪੰਜਾਬ ਸਰਕਾਰ ਵੱਲੋਂ ਘੱਟ ਗਿਣਤੀ ਕੌਮ ਕਰਾਰ ਦਿੱਤੀ ਗਈ ਹੈ। ਇਹ ਸਰਟੀਫਿਕੇਟ ਮੈਨੂੰ ਖੁੱਦ/ਆਪਣੇ ਨਾਬਾਲਿਗ ਲੜਕੇ/ਲੜਕੀ--------------------ਲਈ ਲੋੜੀਂਦਾ ਹੈ।

ਇਸ ਸਬੰਧ ਵਿਚ ਮੇਰਾ ਸਵੈ-ਘੋਸ਼ਣਾ ਪੱਤਰ ਅਤੇ ਵੈਰੀਫੀਕੇਸ਼ਨ ਰਿਪੋਰਟ ਜੋ ਸਹੀ ਵਾ ਦਰੁਸਤ ਨਾਲ ਨੱਥੀ ਹੈ।

ਧੰਨਵਾਦ ਸਹਿਤ। Thanking you

Your's faithfully/ਆਪ ਜੀ ਦਾ/ਦੀ ਵਿਸਵਾਸ ਪਾਤਰ

Dated/ ਮਿਤੀ

( )

Name ਨਾਮ---------------------

Address ਪਤਾ-----------------

Phone No. ਫੋਨ ਨੰ:

**PROFORMA – II**

## Declaration form for Issuance of Minority Community Certificate
## ਘੱਟ ਗਿਣਤੀ ਕੌਮ ਦਾ ਸਰਟੀਫੀਕੇਟ ਜ਼ਾਰੀ ਕਰਨ ਸਬੰਧੀ ਬਿਆਨ ਪ੍ਰੋਫਾਰਮਾ

I solemnly declare that I --------- son/daughter/wife of Shri--------r/o ------------belong to ------------------ Community and permanent resident of Punjab State, this certificate is required to me/my minor boy/girl-----------------------.

ਮੈਂ ------- ਪੁੱਤਰ/ਪੁੱਤਰੀ/ਪਤਨੀ ਸ੍ਰੀ ------------------ਵਾਸੀ------------ਧਰਮ ਨਾਲ ਬਿਆਨ ਕਰਦਾ ਹਾਂ ਕਿ ਮੈਂ-----------------ਕੌਮ ਨਾਲ ਸਬੰਧ ਰਖੱਦਾ ਹਾਂ। ਪੰਜਾਬ ਰਾਜ ਦਾ ਪੱਕੇ ਤੌਰ ਤੇ ਵਸਨੀਕ ਹਾਂ ਅਤੇ ਇਹ ਸਰਟੀਫੀਕੇਟ ਮੈਨੂੰ ਆਪਣੇ ਨਬਾਲਿਗ ਲੜਕੇ/ਲੜਕੀ ਲਈ --------------ਚਾਹੀਦਾ ਹੈ।

Deponent/ ਬਿਆਨ ਕਰਤਾ

---

Declaration from Nambardar/Sarpanch/MC ਬਿਆਨ ਨੰਬਰਦਾਰ/ਸਰਪੰਚ/ਐਮ.ਸੀ.

I ---------------------Nambardar/Sarpanch/M.C. r/o-----------------solemnly declare that-----------------------------Son/Daughter/Wife of Shri-----------------------------------R/c-------------------------------is permanent resident of the given address and I personally know the declarer.

ਮੈਂ-------------ਨੰਬਰਦਾਰ/ਸਰਪੰਚ/ਐਮ.ਸੀ. ਵਾਸੀ ----------------ਧਰਮ ਨਾਲ ਬਿਆਨ ਕਰਦਾ ਹਾਂ ਕਿ-----------ਪੁੱਤਰ/ਪੁੱਤਰੀ/ਪਤਨੀ ਸ੍ਰੀ--------------ਵਾਸੀ---------------------------------------- ਦਾ ਪੱਕੇ ਤੌਰ ਤੇ ਵਸਨੀਕ ਹੈ ਅਤੇ ਮੈਂ ਬਿਆਨ ਕਰਤਾ ਨੂੰ ਜਾਤੀ ਤੌਰ ਤੇ ਜਾਣਦਾ/ਜਾਣਦੀ ਹਾਂ।

Signature of Nambardar/Sarpanch/MC/ ਹਸਤਾਖਸਰ ਬਿਆਨ ਨੰਬਰਦਾਰ/ਸਰਪੰਚ/ਐਮ.ਸੀ.

---

Sr.No. ਲੜੀ ਨੰ:--------------- Dated/ ਮਿਤੀ

Report concerned Patwari/ ਰਿਪੋਰਟ ਹਲਕਾ ਪਟਵਾਰੀ :-

PROFORMA - III

*( PERFORMA FOR MINORITY CERTIFICATE )*

## GOVERNMENT OF PUNJAB

Sr.No.------------------------

Date --------------------

Photo

### CERTIFICATE OF MINORITY COMMUNITY

As per report of Patwari Halqua, Municipal Councilor of Ward (in Municipal Areas) duly countersigned by Tehsildar/Secretary/ Executive Officer (in Municipal Areas) it is certified that Sh./Smt./Kum.----------------------------------------Son/Daughter/Wife of Shri------------------------ of Village/Town/City------------ Post Office-----of Tehsil----------------------------in District------------------------of Punjab State whose photo is affixed above belongs to **Jain Community** which is recognized as Minority Community by the Government of Punjab vide Notification No.1/58/2012-1MC/34 Dated 22.4.2013, under the Punjab State Commission for Minorities Act, 2012 (Punjab Act No.13 of 2013).

Shri/Smt/Kum-------------------------------- and his/her family ordinarily residing at the above given address.

Place:

Date :

Sub-Divisional Magistrate

5

**PROFORMA- IV**

**Self Declaration/ਘੋਸ਼ਣਾ ਪੱਤਰ**

ਸਵੈ ਤਸਦੀਕ
ਸ਼ੁਦਾ ਫ਼ੋਟੋ

I_____________________son/Daughter/wife of Sh.______________ ______resident of ________________District ______________Punjab and hereby solemnly declare as under:-

ਮੈਂ______________ਪੁੱਤਰ/ਪੁੱਤਰੀ/ਸ਼੍ਰੀ_________________________ਵਾਸੀ_______________ _____________ ਦਾ/ਦੀ ਵਸਨੀਕ ਹਾਂ ਅਤੇ ਹੇਠ ਲਿਖੇ ਅਨੁਸਾਰ ਬਿਆਨ ਕਰਦਾ/ ਕਰਦੀ ਹਾਂ ਕਿ -

1. That I belong to Jain Community & this Community declared as a Minority by Punjab Govt.
ਇਹ ਕਿ ਮੈਂ ਜੈਨ ਭਾਈਚਾਰੇ ਨਾਲ ਸਬੰਧ ਰੱਖਦਾ/ਰਖਦੀ ਹਾਂ ਤੇ ਇਹ ਕੌਮ ਪੰਜਾਬ ਸਰਕਾਰ ਦੁਆਰਾ ਘੱਟ ਗਿਣਤੀ ਕਰਾਰ ਦਿੱਤੀ ਗਈ ਹੈ।

2. That no certificate of this kind has been issued to me earlier, if issued then it was issued long time ago.
ਇਹ ਕਿ ਮੈਨੂੰ ਪਹਿਲਾਂ ਅਜਿਹਾ ਕੋਈ ਸਰਟੀਫਿਕੇਟ ਜਾਰੀ ਨਹੀਂ ਕੀਤਾ ਗਿਆ ਹੈ, ਜੇਕਰ ਜਾਰੀ ਹੋਇਆ ਹੈ ਤਾਂ ਉਹ ਬਹੁਤ ਪਹਿਲਾਂ ਦਾ ਹੈ।

3. That there is no any criminal case registered against me for which I have not deprived of from issuance of the certificate. The information and reports that are given for issuance of certificate is true and correct.
ਇਹ ਕਿ ਮੇਰੇ ਵਿਰੁੱਧ ਕੋਈ ਵੀ ਫ਼ੌਜਦਾਰੀ ਕੇਸ ਨਹੀਂ ਚੱਲ ਰਿਹਾ ਹੈ, ਜਿਸ ਵਿੱਚ ਮੈਨੂੰ ਇਸ ਸਰਟੀਫਿਕੇਟ ਤੋਂ ਵਾਂਝੇ ਰੱਖਿਆ ਗਿਆ ਹੋਵੇ। ਮੇਰੇ ਵਲੋਂ ਦਿੱਤੀ ਗਈ ਦਰਖਾਸਤ ਅਤੇ ਉਸ ਵਿੱਚ ਦਰਜ ਰਿਪੋਰਟਾਂ ਉਕਤ ਸਰਟੀਫਿਕੇਟ ਜਾਰੀ ਕਰਨ ਲਈ ਸਹੀ ਵਾ ਦਰੁਸਤ ਹਨ।

Self Declarant/ ਘੋਸ਼ਣਾ ਕਰਤਾ

Place/ਸਥਾਨ

Dated/ਮਿਤੀ

**Verification/ਵੈਰੀਫਿਕੇਸ਼ਨ:-**

I hereby declare that the information given in above and attached documents is true and correct to the best of my knowledge and belief and nothing has been concealed therein. I know this fact very well that if any information given by me is found false then I shall be liable for criminal action under the law and the benefits given to me on the basis of such information will be withdrawn summarily.

ਮੈਂ ਇਥੇ ਇਹ ਘੋਸ਼ਣਾ ਕਰਦਾ/ਕਰਦੀ ਹਾਂ ਕਿ ਉਪਰੋਕਤ ਦਿੱਤੀ ਗਈ ਜਾਣਕਾਰੀ ਅਤੇ ਨਾਲ ਨੱਥੀ ਦਸਤਾਵੇਜ਼ ਮੇਰੀ ਸਮਝ ਅਨੁਸਾਰ ਸਹੀ ਵਾ ਦਰੁੱਸਤ ਹੈ ਅਤੇ ਇਸ ਵਿੱਚ ਕੁਝ ਵੀ ਛੁਪਾਇਆ ਨਹੀਂ ਗਿਆ ਹੈ। ਮੈਂ ਇਨ੍ਹਾਂ ਤੱਥਾਂ ਤੋਂ ਜਾਣੂ ਹਾਂ ਕਿ ਜੇਕਰ ਮੇਰੀ ਕੋਈ ਵੀ ਦਿੱਤੀ ਗਈ ਸੂਚਨਾ ਗਲਤ ਨਿਕਲਦੀ ਹੈ ਤਾਂ ਮੈਂ ਫੌਜਦਾਰੀ ਕਾਨੂੰਨ ਤਹਿਤ ਸਜ਼ਾ ਦਾ ਹੱਕਦਾਰ ਹੋਵਾਂਗਾ ਅਤੇ ਮੈਨੂੰ ਇਸ ਸੂਚਨਾਂ ਦੇ ਆਧਾਰ ਤੇ ਦਿੱਤੇ ਗਏ ਲਾਭ ਵਾਪਿਸ ਲੈ ਲਏ ਜਾਣਗੇ।

Self Declarant/ ਘੋਸ਼ਣਾ ਕਰਤਾ

Place/ਸਥਾਨ

Dated/ਮਿਤੀ